PARTNERSHIP HEALTHPLAN of CALIFORNIA
A Public Agency



# ਤੁਹਾਡੇ Medi-Cal (ਮੈਡੀ-ਕੈਲ) ਬਾਰੇ ਮਹੱਤਵਪੂਰਨ ਖ਼ਬਰ

## ਜਨਵਰੀ 2024 ਤੋਂ, ਤੁਹਾਡਾ Medi-Cal (ਮੈਡੀ-ਕੈਲ) ਪਲਾਨ ਬਦਲ ਸਕਦਾ ਹੈ

ਕੀ ਤੁਹਾਡੇ ਕੋਲ Medi-Cal (ਮੈਡੀ-ਕੈਲ) ਹੈ ਅਤੇ ਤੁਸੀਂ ਇਹਨਾਂ ਕਾਉਂਟੀਆਂ ਵਿੱਚੋਂ ਕਿਸੇ ਇੱਕ ਵਿੱਚ ਰਹਿੰਦੇ ਹੋ - Butte, Colusa, Glenn, Nevada, Placer, Plumas, Sierra, Sutter, Tehama, ਅਤੇ Yuba?

1 ਜਨਵਰੀ, 2024 ਨੂੰ, ਤੁਹਾਨੂੰ ਕੈਲੀਫੋਰਨੀਆ ਦੇ Partnership HealthPlan (ਪਾਰਟਨਰਸ਼ਿਪ ਹੈਲਥਪਲਾਨ) ਜਾਂ Kaiser (ਕਾਇਸਰ) ਵਿੱਚ ਨਾਮਾਂਕਿਤ ਕਰ ਦਿੱਤਾ ਜਾਵੇਗਾ (Placer, Sutter, ਅਤੇ Yuba ਕਾਉਂਟੀਆਂ ਵਿੱਚ Kaiser (ਕਾਇਸਰ) ਇੱਕ ਵਿਕਲਪ ਹੋ ਸਕਦਾ ਹੈ)। ਪਾਰਟਨਰਸ਼ਿਪ ਤੁਹਾਡੇ ਲਾਭਾਂ ਦਾ ਪ੍ਰਬੰਧਨ ਕਰੇਗੀ, ਜਿਸ ਵਿੱਚ ਮੁੱਢਲੀ ਅਤੇ ਵਿਸ਼ੇਸ਼ ਦੇਖਭਾਲ, ਅਤੇ ਹਸਪਤਾਲ ਸੇਵਾਵਾਂ ਸ਼ਾਮਲ ਹਨ।

ਤੁਹਾਡੀ Medi-Cal (ਮੈਡੀ-ਕੈਲ) ਯੋਗਤਾ ਅਤੇ ਲਾਭ, ਪਾਰਟਨਰਸ਼ਿਪ ਵਿੱਚ ਇਸ ਤਬਦੀਲੀ ਨਾਲ ਪ੍ਰਭਾਵਿਤ **ਨਹੀਂ** ਹੋਣਗੇ, ਅਤੇ ਤੁਹਾਨੂੰ ਤੁਹਾਡੇ ਯੋਗਤਾ ਵਰਕਰ ਨੂੰ ਉਦੋਂ ਤੱਕ ਕਾਲ ਕਰਨ ਦੀ ਕੋਈ ਲੋੜ ਨਹੀਂ ਹੈ, ਜਦ ਤੱਕ ਤੁਸੀਂ ਕਿਸੇ ਨਿੱਜੀ ਜਾਣਕਾਰੀ ਨੂੰ ਅੱਪਡੇਟ ਨਹੀਂ ਕਰਨਾ ਚਾਹੁੰਦੇ। ਨਕਦ ਸਹਾਇਤਾ (CalWorks), CalFresh, ਜਾਂ SSI ਵਰਗੇ ਪ੍ਰੋਗਰਾਮ ਨਹੀਂ ਬਦਲਣਗੇ।

## ਕੀ ਮੈਂ ਆਪਣੇ ਡਾਕਟਰ ਨੂੰ ਬਰਕਰਾਰ ਰੱਖ ਸਕਦਾ ਹਾਂ?

ਤੁਸੀਂ ਆਪਣੇ ਡਾਕਟਰ ਨੂੰ ਬਰਕਰਾਰ ਰੱਖਣ ਦੇ ਤਾਂ ਯੋਗ ਹੋਵੋਗੇ, ਜੇ ਉਹ ਪਾਰਟਨਰਸ਼ਿਪ ਨਾਲ ਇਕਰਾਰਨਾਮਾ ਕਰਦੇ ਹਨ। ਤੁਸੀਂ ਆਪਣੇ ਡਾਕਟਰ ਨੂੰ ਪੁੱਛ ਸਕਦੇ ਹੋ ਕਿ ਕੀ ਉਹ ਪਾਰਟਨਰਸ਼ਿਪ ਨੈੱਟਵਰਕ ਵਿੱਚ ਸ਼ਾਮਲ ਹੋਣਗੇ। ਜੇ ਤੁਹਾਡੇ ਕੋਈ ਸਵਾਲ ਹਨ ਤਾਂ ਤੁਸੀਂ ਪਾਰਟਨਰਸ਼ਿਪ ਨੂੰ ਕਾਲ ਵੀ ਕਰ ਸਕਦੇ ਹੋ।

## ਪਾਰਟਨਰਸ਼ਿਪ ਦੀਆਂ ਮੈਂਬਰ ਸੇਵਾਵਾਂ:

ਜੇ ਤੁਹਾਡਾ ਆਪਣੇ ਸਿਹਤ ਲਾਭਾਂ ਬਾਰੇ ਕੋਈ ਸਵਾਲ ਹੈ, ਤਾਂ ਸਾਡੀ ਮੈਂਬਰ ਸੇਵਾਵਾਂ ਟੀਮ ਨੂੰ ਇਸ 'ਤੇ ਕਾਲ ਕਰੋ:

**(800) 863-4155**

TTY: (800) 735-2929 ਜਾਂ 711

ਸਵੇਰ 8 ਵਜੇ ਤੋਂ ਸ਼ਾਮ 5 ਵਜੇ ਤੱਕ ਸੋਮਵਾਰ – ਸ਼ੁੱਕਰਵਾਰ

ਸਾਡੀ ਵੈੱਬਸਾਈਟ, PartnershipHP.org 'ਤੇ ਜਾਓ ਜਾਂ ਹੋਰ ਜਾਣਨ ਲਈ QR ਕੋਡ ਨੂੰ ਸਕੈਨ ਕਰੋ।

ਜੇ ਤੁਹਾਡਾ ਡਾਕਟਰ ਸਾਡੇ ਨਾਲ ਕੰਮ **ਨਹੀਂ** ਕਰਦਾ, ਤਾਂ ਤੁਸੀਂ ਆਪਣੇ ਡਾਕਟਰ ਨੂੰ "ਸੰਭਾਲ ਦੀ ਨਿਰੰਤਰਤਾ" ਅਧੀਨ 12 ਮਹੀਨਿਆਂ ਲਈ ਬਰਕਰਾਰ ਰੱਖਣ ਦੇ ਯੋਗ ਹੋ ਸਕਦੇ ਹੋ। ਜੇ ਤੁਸੀਂ ਸੰਭਾਲ ਦੀ ਨਿਰੰਤਰਤਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਜਦੋਂ ਤੁਸੀਂ Medi-Cal (ਮੈਡੀ-ਕੈਲ) ਸਿਹਤ ਪਲਾਨ ਵਿੱਚ ਸ਼ਾਮਲ ਹੁੰਦੇ ਹੋ, ਤਾਂ ਸਾਡੀਆਂ ਮੈਂਬਰ ਸੇਵਾਵਾਂ ਨੂੰ ਕਾਲ ਕਰੋ।

ਜੇ ਤੁਸੀਂ ਇੱਕ ਨਵਾਂ ਡਾਕਟਰ ਚਾਹੁੰਦੇ ਹੋ ਜਾਂ ਤੁਹਾਨੂੰ ਡਾਕਟਰ ਦੀ ਚੋਣ ਕਰਨ ਵਿੱਚ ਮਦਦ ਦੀ ਲੋੜ ਹੈ, ਤਾਂ 1 ਜਨਵਰੀ, 2024 ਤੋਂ ਬਾਅਦ ਪਾਰਟਨਰਸ਼ਿਪ ਨੂੰ ਕਾਲ ਕਰੋ।

ਜੇ ਤੁਸੀਂ ਕਿਸੇ ਡਾਕਟਰ ਦੀ ਚੋਣ ਨਹੀਂ ਕਰਦੇ, ਤਾਂ ਪਾਰਟਨਰਸ਼ਿਪ ਤੁਹਾਡੇ ਲਈ ਇੱਕ ਡਾਕਟਰ ਦੀ ਚੋਣ ਕਰੇਗੀ। ਤੁਸੀਂ ਸਾਨੂੰ ਕਾਲ ਕਰਕੇ ਕਦੇ ਵੀ ਆਪਣੇ ਡਾਕਟਰ ਨੂੰ ਬਦਲ ਸਕਦੇ ਹੋ।



ACCREDITED NCQA HEALTH PLAN

## ਕੀ 1 ਜਨਵਰੀ, 2024 ਨੂੰ ਜਾਂ ਉਸ ਤੋਂ ਬਾਅਦ ਤੁਹਾਡੀਆਂ ਕੋਈ ਡਾਕਟਰੀ ਮੁਲਾਕਾਤਾਂ ਤੈਅ ਹਨ ਜਾਂ ਹੇਠ ਲਿਖਿਆਂ ਵਿੱਚੋਂ ਕੁੱਝ ਵੀ ਹੋ ਰਿਹਾ ਹੈ?

- ਕਿਸੇ ਸਿਹਤ ਸਮੱਸਿਆ ਲਈ ਇਲਾਜ
- ਸਰਜਰੀ ਜਾਂ ਡਾਕਟਰੀ ਪ੍ਰਕਿਰਿਆ
- ਜੇ ਤੁਸੀਂ ਬੱਚੇ ਨੂੰ ਜਨਮ ਦੇਣ ਵਾਲੇ ਹੋ ਜਾਂ ਹੁਣੇ-ਹੁਣੇ ਬੱਚਾ ਪੈਦਾ ਹੋਇਆ ਹੈ ਤਾਂ ਡਾਕਟਰੀ ਮੁਲਾਕਾਤਾਂ

ਜੇ ਅਜਿਹਾ ਹੈ, ਤਾਂ ਪਾਰਟਨਰਸ਼ਿਪ ਨੂੰ ਕਾਲ ਕਰੋ।

## ਪਾਰਟਨਰਸ਼ਿਪ ਵਿੱਚ ਸ਼ਾਮਲ ਹੋਣ ਤੋਂ ਬਾਅਦ, ਕੀ ਮੈਂ ਅਜੇ ਵੀ Medi-Cal (ਮੈਡੀ-ਕੈਲ) ਸੇਵਾਵਾਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਤੁਹਾਡੇ ਅੰਤਿਮ Medi-Cal (ਮੈਡੀ-ਕੈਲ) ਪਲਾਨ ਦੁਆਰਾ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸੇਵਾਵਾਂ ਪਾਰਟਨਰਸ਼ਿਪ ਦੁਆਰਾ ਕਵਰ ਕੀਤੀਆਂ ਜਾਣਗੀਆਂ। ਕੁਝ ਸੇਵਾਵਾਂ ਅਜੇ ਵੀ ਸੇਵਾ-ਲਈ-ਫ਼ੀਸ ਜਾਂ ਸਟੇਟ Medi-Cal (ਮੈਡੀ-ਕੈਲ) (ਫਾਰਮੇਸੀ ਅਤੇ ਡੈਂਟਲ) ਦੁਆਰਾ ਕਵਰ ਕੀਤੀਆਂ ਜਾਣਗੀਆਂ।

## ਹੋਰ ਜਾਣੋ

ਇਹਨਾਂ ਤਬਦੀਲੀਆਂ ਬਾਰੇ ਹੋਰ ਜਾਣਨ ਲਈ ਅਤੇ ਇਸ ਤਬਦੀਲੀ ਦੌਰਾਨ ਦੇਖਭਾਲ ਕਿਵੇਂ ਪ੍ਰਾਪਤ ਕਰਨੀ ਹੈ, ਇਸ ਬਾਰੇ ਹੋਰ ਜਾਣਨ ਲਈ, DHCS Medi-Cal (ਮੈਡੀ-ਕੈਲ) ਵੈੱਬਸਾਈਟ, www.dhcs.ca.gov/MCP-Transition/Pages/Members.aspx 'ਤੇ ਜਾਓ ਜਾਂ QR ਕੋਡ ਨੂੰ ਸਕੈਨ ਕਰੋ।

**ਪਾਰਟਨਰਸ਼ਿਪ ਵਿਖੇ, ਸਾਡਾ ਮਿਸ਼ਨ ਆਪਣੇ ਮੈਂਬਰਾਂ ਅਤੇ ਜਿਹੜੇ ਭਾਈਚਾਰਿਆਂ ਦੀ ਅਸੀਂ ਸੇਵਾ ਕਰਦੇ ਹਾਂ, ਉਹਨਾਂ ਦੀ ਸਿਹਤਮੰਦ ਰਹਿਣ ਵਿੱਚ ਮਦਦ ਕਰਨਾ ਹੈ।**

## ਸਟੇਟ Medi-Cal (ਮੈਡੀ-ਕੈਲ) ਦੁਆਰਾ ਕਵਰ ਕੀਤੀਆਂ ਜਾਂਦੀਆਂ ਸੇਵਾਵਾਂ

ਇਹ ਸੇਵਾਵਾਂ ਪਾਰਟਨਰਸ਼ਿਪ ਵਿੱਚ ਤਬਦੀਲੀ ਨਾਲ ਪ੍ਰਭਾਵਿਤ ਨਹੀਂ ਹੁੰਦੀਆਂ, ਕਿਉਂਕਿ ਇਹ ਸਟੇਟ Medi-Cal (ਮੈਡੀ-ਕੈਲ) ਦੁਆਰਾ ਕਵਰ ਕੀਤੀਆਂ ਜਾਂਦੀਆਂ ਹਨ।

### ਫਾਰਮੇਸੀ ਸੇਵਾਵਾਂ

Medi-Cal (ਮੈਡੀ-ਕੈਲ) RX ਅਜੇ ਵੀ ਫਾਰਮੇਸੀ ਸੇਵਾਵਾਂ ਪ੍ਰਦਾਨ ਕਰੇਗਾ। ਤੁਹਾਡੇ ਫਾਰਮੇਸੀ ਲਾਭ ਬਾਰੇ ਸਵਾਲਾਂ ਲਈ, ਇੱਥੇ ਕਾਲ ਕਰੋ:

**(800) 977-2273**
TTY: (800) 735-2929 ਜਾਂ 711
ਦਿਨ ਵਿੱਚ 24 ਘੰਟੇ, ਹਫ਼ਤੇ ਦੇ 7 ਦਿਨ
ਸਵੇਰ 8 ਵਜੇ ਤੋਂ ਸ਼ਾਮ 5 ਵਜੇ ਤੱਕ ਸੋਮਵਾਰ – ਸ਼ੁੱਕਰਵਾਰ
www.medi-calrx.dhcs.ca.gov/member/

### ਦੰਦਾਂ ਸੰਬੰਧੀ ਸੇਵਾਵਾਂ

ਸਟੇਟ ਅਜੇ ਵੀ ਦੰਦਾਂ ਦੀਆਂ ਸੇਵਾਵਾਂ ਪ੍ਰਦਾਨ ਕਰੇਗਾ। ਆਪਣੀ ਕਵਰੇਜ ਬਾਰੇ ਹੋਰ ਜਾਣਨ ਲਈ Medi-Cal (ਮੈਡੀ-ਕੈਲ) ਡੈਂਟਲ ਨੂੰ ਕਾਲ ਕਰੋ:

**(800) 322-6384**
ਸਵੇਰ 8 ਵਜੇ ਤੋਂ ਸ਼ਾਮ 5 ਵਜੇ ਤੱਕ ਸੋਮਵਾਰ – ਸ਼ੁੱਕਰਵਾਰ
www.smilecalifornia.org

## ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਕਵਰ ਰੱਖੋ।

### ਪੱਕਾ ਕਰੋ ਕਿ ਤੁਹਾਡੀ ਜਾਣਕਾਰੀ ਅੱਪ-ਟੂ-ਡੇਟ ਹੈ।

ਆਪਣੇ Medi-Cal (ਮੈਡੀ-ਕੈਲ) ਖਾਤੇ ਵਿੱਚ ਲੌਗ ਇਨ ਕਰੋ ਅਤੇ ਆਪਣੇ ਨਾਮ, ਤਾ, ਫ਼ੋਨ ਨੰਬਰ, ਜਾਂ ਈਮੇਲ ਪਤੇ ਵਿੱਚ ਕਿਸੇ ਵੀ ਨਵੀਆਂ ਤਬਦੀਲੀਆਂ ਦੀ ਰਿਪੋਰਟ ਕਰੋ ਤਾਂ ਜੋ ਤੁਹਾਡੀ ਕਾਉਂਟੀ ਤੁਹਾਡੇ ਨਾਲ ਸੰਪਰਕ ਕਰ ਸਕੇ।

For more details and to learn how to update your contact information, visit KeepMediCalCoverage.org

### ਆਪਣੀ ਮੇਲ ਦੀ ਜਾਂਚ ਕਰੋ।

ਤੁਹਾਡੀਆਂ ਕਾਉਂਟੀਆਂ ਤੁਹਾਨੂੰ ਤੁਹਾਡੀ Medi-Cal (ਮੈਡੀ-ਕੈਲ) ਯੋਗਤਾ ਬਾਰੇ ਇੱਕ ਪੱਤਰ ਮੇਲ ਕਰਨਗੀਆਂ।

ਪੱਤਰ ਤੁਹਾਨੂੰ ਦੱਸੇਗਾ ਕਿ ਕੀ ਤੁਹਾਨੂੰ ਇਹ ਦੇਖਣ ਲਈ ਨਵੀਨੀਕਰਨ ਫ਼ਾਰਮ ਭਰਨ ਦੀ ਲੋੜ ਹੈ ਕਿ ਤੁਸੀਂ ਅਜੇ ਵੀ Medi-Cal (ਮੈਡੀ-ਕੈਲ) ਪ੍ਰਾਪਤ ਕਰ ਸਕਦੇ ਹੋ ਜਾਂ ਨਹੀਂ।

**ਜੇ ਤੁਹਾਨੂੰ ਕੋਈ ਫ਼ਾਰਮ ਮਿਲਦਾ ਹੈ, ਤਾਂ ਇਸਨੂੰ ਡਾਕ, ਫ਼ੋਨ, ਵਿਅਕਤੀਗਤ ਤੌਰ 'ਤੇ, ਜਾਂ ਔਨਲਾਈਨ ਰਾਹੀਂ ਭੇਜੋ ਤਾਂ ਜੋ ਤੁਹਾਡੀ ਕਵਰੇਜ ਵਿੱਚ ਕੋਈ ਅੰਤਰਾਲ ਨਾ ਆਵੇ।**



ACCREDITED NCQA HEALTH PLAN